Volume - 4 | Issue -1

GKU'S Main Building



UGC APPROVED NEW DELHI

**EDITORIAL BROAD**

*Chief Patron :*
**Dr. G.S Randhawa**
*Vice Chancellor*

*Editor-in-Chief :*
**Dr. G.S. Sidhu**

*Coordinator :*
**Dr. Ashwani Sethi**
*Director IQAC*

*Public Relation Officer :*
**Mr. Lavlin Sachdeva**

*Head Publishing :*
**Mr. Karanbir Singh Sidhu**
*Marketing Manager*

*Designer :*
**Mr. Avtar Singh Sidhu**

# GURU KASHI UNIVERSITY

TALWANDI SABO (BATHINDA) INDIA

## ਆਲ ਇੰਡੀਆ ਇੰਟਰ ਯੂਨੀਵਰਸਿਟੀ ਕਵਾਨ-ਕੀ-ਡੂ ਚੈਪੀਂਅਨਸ਼ਿਪ ਵਿੱਚ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਖਿਡਾਰੀਆਂ ਨੇ ਜਿੱਤੇ ਛੇ ਤਗਮੇ

**ਬਠਿੰਡਾ (ਤਲਵੰਡੀ ਸਾਬੋ)** 03 ਜਨਵਰੀ 2020 ਚੰਡੀਗੜ੍ਹ ਯੂਨੀਵਰਸਿਟੀ ਮੋਹਾਲੀ ਵਿੱਖੇ ਹੋਈ ਆਲ ਇੰਡੀਆ ਕਵਾਨ-ਕੀ-ਡੂ ਚੈਪੀਂਅਨਸ਼ਿਪ ਵਿੱਚ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਖਿਡਾਰੀਆਂ ਨੇ ਵੱਖ-ਵੱਖ ਭਾਰ ਵਰਗ ਵਿੱਚ ਮੈਡਲ ਜਿੱਤ ਆਪਣੀ ਸ੍ਰੇਸ਼ਠਤਾ ਸਾਬਿਤ ਕੀਤੀ। ਇਸ ਚੈਪੀਂਅਨਸ਼ਿਪ ਵਿੱਚ ਵਰਸਿਟੀ ਦੀ ਟੀਮ ਨੇ ਕਿਰਨਜੀਤ ਕੌਰ ਤੇ ਕੋਚ ਹਰਦੀਪ ਸਿੰਘ ਦੀ ਰਹਿਨੁਮਾਈ ਹੇਠ ਸ਼ਿਰਕਤ ਕੀਤੀ। ਚੈਪੀਂਅਨਸ਼ਿਪ ਵਿੱਚ ਨਸੀਮ ਅਹਿਮਦ ਨੇ 65 ਕਿਲੋ ਵਰਗ ਵਿੱਚ ਸਿਲਵਰ, ਹੁਸਨਾ ਸਿਦਿਕੀ ਨੇ 45 ਕਿਲੋ ਵਰਗ ਵਿੱਚ ਸਿਲਵਰ, ਸ਼ਿਵੇਨ ਚੌਧਰੀ ਨੇ 73 ਕਿਲੋ ਵਰਗ ਵਿੱਚ ਸਿਲਵਰ, ਕਲਸੁਮ ਨੇ 59 ਕਿਲੋ ਵਰਗ ਵਿੱਚ ਤਾਂਬਾ, ਦੀਪਕ ਕੁਮਾਰ ਨੇ 88 ਕਿਲੋ ਵਰਗ ਵਿੱਚ ਤਾਂਬਾ ਅਤੇ ਮੋਹਿਤ ਕੁਮਾਰ ਨੇ 61 ਕਿਲੋ ਵਰਗ ਵਿੱਚ ਤਾਂਬੇ ਦਾ ਮੈਡਲ ਜਿੱਤਿਆ। ਇਸ ਮੌਕੇ ਜੇਤੂ ਖਿਡਾਰੀਆਂ ਨੂੰ ਵਰਸਿਟੀ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੋਲਦੇ ਹੋਏ ਡਾ. ਗੁਰਸ਼ਰਨ ਸਿੰਘ ਰੰਧਾਵਾ ਉਪ ਕੁਲਪਤੀ ਨੇ ਕਿਹਾ ਕਿ ਵਰਸਿਟੀ ਨੂੰ ਇਨ੍ਹਾਂ ਖਿਡਾਰੀਆਂ ਦੀ ਜਿੱਤ ਤੇ ਮਾਣ ਹੈ, ਇਹ ਦੇਸ਼ ਦਾ ਉਜਵੱਲ ਭੱਵਿਖ ਹਨ। ਉਨ੍ਹਾਂ ਖਿਡਾਰੀਆਂ ਨੂੰ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪੱਧਰ ਤੇ ਹੋਰ ਵਧੀਆ ਪ੍ਰਦਰਸ਼ਨ ਕਰਨ ਲਈ ਸ਼ੁਭ ਕਾਮਨਾਵਾਂ ਦਿੱਤੀਆਂ। ਇਸ ਮੌਕੇ ਡਾਇਰੈਕਟਰ ਸਪੋਰਟਸ ਡਾ. ਚਰਨ ਸਿੰਘ ਸੇਖੋਂ ਨੇ ਜੇਤੂ ਖਿਡਾਰੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੀ ਪ੍ਰਾਪਤੀ ਨੂੰ ਨਵੇਂ ਸਾਲ ਦਾ ਤੋਹਫਾ ਦੱਸਿਆ।




## ਗੁਰੂ ਕਾਸ਼ੀ ਯੂਨੀਵਰਸਿਟੀ ਦੀ ਐਥਲੈਟਿਕ ਮੀਟ 27 ਜਨਵਰੀ 2020 ਤੋਂ ਹੋਵੇਗੀ ਸ਼ੁਰੂ।

**ਬਠਿੰਡਾ (ਤਲਵੰਡੀ ਸਾਬੋ 7 ਜਨਵਰੀ** 2020) ਇਲਾਕੇ ਦੀ ਨਾਮੀ ਵਿੱਦਿਅਕ ਸੰਸਥਾ ਗੁਰੂ ਕਾਸ਼ੀ ਯੂਨੀਵਰਸਿਟੀ ਦੀ ਐਥਲੈਟਿਕ ਮੀਟ 27 ਜਨਵਰੀ ਤੋਂ ਸੁਰੂ ਹੋਵੇਗੀ ਤੇ ਮਿਤੀ 31 ਜਨਵਰੀ ਤੱਕ ਚੱਲੇਗੀ।ਜਿਸ ਵਿੱਚ ਯੂਨੀਵਰਸਿਟੀ ਦੇ 12 ਕਾਲਜਾਂ ਦੇ ਵਿਦਿਆਰਥੀ ਹਿੱਸਾ ਲੈਣਗੇ।ਵਰਸਿਟੀ ਵੱਲੋਂ ਇਹ ਮੀਟ ਪ੍ਰੋ. ਜੀ.ਐਸ.ਗਿੱਲ ਦੀ ਦੇਖ-ਰੇਖ ਹੇਠ ਚਲਾਈ ਜਾਵੇਗੀ।ਇਸ ਐਥਲੈਟਿਕ ਮੀਟ ਦੇ ਪਹਿਲੇ ਦਿਨ 27 ਜਨਵਰੀ ਨੂੰ ਯੂਨੀਵਰਸਿਟੀ ਕਾਲਜ ਆਫ ਫਿਜ਼ਿਕਲ ਐਜੂਕੇਸ਼ਨ ਦੇ ਵਿਦਿਆਰਥੀ,ਦੂਜੇ ਦਿਨ 28 ਜਨਵਰੀ ਨੂੰ ਯੂਨੀਵਰਸਿਟੀ ਕਾਲਜ ਆਫ ਐਜੂਕੇਸ਼ਨ ਤੇ ਯੂਨੀਵਰਸਿਟੀ ਕਾਲਜ ਆਫ ਬੇਸਿਕ ਸਾਇੰਸ ਦੇ ਖਿਡਾਰੀ, ਤੀਜੇ ਦਿਨ 29 ਜਨਵਰੀ ਨੂੰ ਯੂਨੀਵਰਸਿਟੀ ਕਾਲਜ ਆਫ ਐਗਰੀਕਲਚਰ ਦੇ ਵਿਦਿਆਰਥੀ, ਚੋਥੇ ਦਿਨ 30 ਜਨਵਰੀ ਨੂੰ ਯੂਨੀਵਰਸਿਟੀ ਕਾਲਜ ਆਫ ਲਾਅ, ਯੂਨੀਵਰਸਿਟੀ ਕਾਲਜ ਆਫ ਫੈਸ਼ਨ ਟੈਕਨਾਲੋਜੀ, ਯੂਨੀਵਰਸਿਟੀ ਕਾਲਜ ਆਫ ਫਾਰਮੈਸੀ, ਯੂਨੀਵਰਸਿਟੀ ਕਾਲਜ ਆਫ ਪੈਰਾ ਮੈਡੀਕਲ, ਗੁਰੂ ਗੋਬਿੰਦ ਸਿੰਘ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਤੇ ਆਖਰੀ ਦਿਨ 31 ਜਨਵਰੀ ਨੂੰ ਯੂਨੀਵਰਸਿਟੀ ਕਾਲਜ ਆਫ ਕਾਮਰਸ ਐਂਡ ਮੈਨੇਜਮੈਂਟ ਤੇ ਯੂਨੀਵਰਸਿਟੀ ਕਾਲਜ ਆਫ ਕੰਪਿਊਟਰ ਐਪਲੀਕੇਸ਼ਨ ਦੇ ਖਿਡਾਰੀ ਆਪਣਾ ਦਮ-ਖਮ ਵਿਖਾਉਣਗੇ। ਇਸ ਐਥਲੈਟਿਕ ਮੀਟ ਵਿੱਚ 20 ਪ੍ਰਤੀਯੋਗਿਤਾਵਾਂ ਵਿੱਚ ਖਿਡਾਰੀ ਆਪਣਾ ਪ੍ਰਦਸ਼ਨ ਕਰਨਗੇ, ਜਿੰਨਾਂ ਵਿੱਚ 100 ਮੀਟਰ ਤੇ 10000 ਮੀਟਰ ਤੱਕ ਦੀ ਰੇਸ ਤੋਂ ਇਲਾਵਾ ਲੰਬੀ ਛਾਲ, ਉੱਚੀ ਛਾਲ, ਗੋਲਾ ਸੁਟਣਾ ਅਤੇ 4*400 ਦੀ ਮਿਕਸਡ ਰਿਲੇ ਰੇਸ ਆਦਿ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਹੋਵੇਗਾ। ਇਸ ਐਥਲੈਟਿਕ ਮੀਟ ਬਾਰੇ ਜਾਣਕਾਰੀ ਦਿੰਦਿਆਂ ਪ੍ਰੋ. ਜੀ.ਐਸ.ਗਿੱਲ ਨੇ ਦੱਸਿਆ ਕਿ ਜੇਤੂ ਖਿਡਾਰੀਆਂ ਨੂੰ ਵਰਸਿਟੀ ਵੱਲੋਂ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਇਸ ਮੀਟ ਨੂੰ ਲੈ ਕੇ ਵਿਦਿਆਰਥੀਆਂ ਵਿੱਚ ਕਾਫੀ ਉਤਸਾਹ ਵੇਖਿਆ ਜਾ ਰਿਹਾ ਹੈ।ਇਸ ਕਾਰਨ ਕਈ ਵਿਦਿਆਰਥੀ ਕੜਕਦੀ ਠੰਡ ਅਤੇ ਧੁੰਦ ਹੋਣ ਦੇ ਬਾਵਜੂਦ ਗਰਾਉਂਡ ਵਿੱਚ ਪ੍ਰੈਕਟਿਸ ਕਰਦੇ ਵੇਖੇ ਜਾ ਰਹੇ ਹਨ।ਉਹਨਾਂ ਇਸ ਐਥਲੈਟਿਕ ਮੀਟ ਲਈ ਵਿਦਿਆਰਥੀਆਂ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ।

## ਗੁਰੂ ਕਾਸ਼ੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਕੀਤਾ ਸੀਟਰਸ ਮੇਲੇ ਦਾ ਸਫਲ ਦੌਰਾ।

**ਬਠਿੰਡਾ ( ਤਲਵੰਡੀ ਸਾਬੋ 8 ਜਨਵਰੀ** 2020) ਗੁਰੂ ਕਾਸ਼ੀ ਯੂਨੀਵਰਸਿਟੀ ਦੇ ਕਾਲਜ ਆਫ ਐਗਰੀਕਲਚਰ ਦੇ 40 ਵਿਦਿਆਰਥੀਆਂ ਵੱਲੋਂ ਪ੍ਰੋ. ਹਰਪਾਲ ਸਿੰਘ ਤੇ ਪ੍ਰੋ. ਹਰਪ੍ਰੀਤ ਕੌਰ ਦੀ ਰਹਿਨੁਮਾਈ ਹੇਠ ਹਰਿਆਣਾ ਦੇ ਪਿੰਡ ਮਾਂਗੇਆਣਾ ਵਿਖੇ ਸੈਂਟਰ ਆਫ ਐਕਸੀਲੈਂਸ ਫਾਰ ਫਰੂਟਸ ਵਿਖੇ ਲੱਗੇ ਸੀਟਰਸ ਮੇਲੇ ਦਾ ਦੌਰਾ ਕੀਤਾ ਗਿਆ। ਇਸ ਮੇਲੇ ਬਾਰੇ ਜਾਣਕਾਰੀ ਦਿੰਦੇ ਹੋਏ ਪ੍ਰੋ. ਹਰਪਾਲ ਸਿੰਘ ਨੇ ਦੱਸਿਆ ਕਿ ਇਹ ਸੀਟਰਸ ਫੇਅਰ ਇਸਰਾਇਲ ਦੇਸ਼ ਦੇ ਸਹਿਯੋਗ ਨਾਲ ਇਸ ਇਲਾਕੇ ਵਿੱਚ ਨਿੰਬੂ ਜਾਤੀ ਦੇ ਫਲਾਂ ਦੇ ਵਿਕਾਸ ਲਈ ਲਗਾਇਆ ਗਿਆ ਸੀ।ਇਸ ਮੇਲੇ ਵਿੱਚ ਕਿਸਾਨਾਂ ਅਤੇ ਖੇਤੀਬਾੜੀ ਦੇ ਵਿਦਿਆਰਥੀਆਂ ਨੂੰ ਵਿਸ਼ੇਸ਼ ਕਰ ਕੀਨੂੰ ਦੇ ਬੂਟੇਆਂ ਤੋਂ ਵੱਧ ਝਾੜ ਲੈਣ, ਇਹਨਾਂ ਨੂੰ ਹੋਣ ਵਾਲੀਆਂ ਬੀਮਾਰੀਆਂ ਅਤੇ ਬਚਾਉ ਵਿਸ਼ੇ ਤੇ ਅੰਤਰਰਾਸ਼ਟਰੀ ਖੇਤੀ ਵਿਗਿਆਨੀਆਂ ਵੱਲੋਂ ਜਾਣਕਾਰੀ ਦਿੱਤੀ ਗਈ।ਸੀਟਰਸ ਮੇਲੇ ਵਿੱਚ ਬੱਚਿਆਂ ਦੀ ਅਗਵਾਈ ਕਰ ਰਹੇ ਪ੍ਰੋ. ਹਰਪ੍ਰੀਤ ਕੌਰ ਨੇ ਦੱਸਿਆ ਕਿ ਇਸ ਸੀਟਰਸ ਮੇਲੇ ਵਿੱਚ ਵਿਦਿਆਰਥੀਆਂ ਨੂੰ ਲੈ ਕੇ ਆਉਣ ਦਾ ਮੁੱਖ ਮਕਸਦ ਇਹਨਾਂ ਨੂੰ ਕਿਤਾਬੀ ਗਿਆਨ ਤੋਂ ਇਲਾਵਾ ਪ੍ਰਯੋਗੀ ਅਤੇ ਅਸਲੀਅਤ ਬਾਰੇ ਜਾਣੂ ਕਰਵਾਉਣਾ ਹੈ ਕਿਉਂਕਿ ਸਾਡੀ ਮਾਲਵਾ ਬੈਲਟ ਵਿੱਚ ਕੀਨੂ ਆਦਿ ਦੀ ਬਿਜਾਈ ਕਾਫੀ ਰਕਬੇ ਵਿੱਚ ਕੀਤੀ ਜਾਂਦੀ ਹੈ।ਇਸ ਲਈ ਵਿਦਿਆਰਥੀਆਂ ਦਾ ਇਹ ਦੌਰਾ ਉਹਨਾਂ ਦੇ ਗਿਆਨ ਵਿੱਚ ਕਾਫੀ ਵਾਧਾ ਕਰੇਗਾ ਅਤੇ ਮੇਲੇ ਵਿੱਚ ਮਿਲੀ ਜਾਣਕਾਰੀ ਨਾਲ ਵੱਧ ਝਾੜ ਲੈਣ ਵਿੱਚ ਵੀ ਸਹਾਈ ਹੋਵੇਗਾ।ਉਹਨਾਂ ਇਹ ਵੀ ਦੱਸਿਆ ਕਿ ਸੀਟਰਸ ਮੇਲੇ ਵਿੱਚ ਵਰਤਮਾਨ ਸਮੇਂ ਹੋਈ ਬਾਰਿਸ਼ ਕਾਰਨ ਕੀਨੂਆਂ ਦੀ ਫਸਲ ਨੂੰ ਨੁਕਸਾਨ ਤੋਂ ਬਚਾਉਣ ਲਈ ਪੋਲੀ ਹਾਉਸ ਬਾਰੇ ਵੀ ਜਾਣਕਾਰੀ ਦਿੱਤੀ ਗਈ।

## ਗੁਰੂ ਕਾਸ਼ੀ ਯੂਨੀਵਰਸਿਟੀ ਵਿਖੇ ਮਨਾਈ ਗਈ ਲੜਕੀਆਂ ਦੀ ਲੋਹੜੀ।

**ਬਠਿੰਡਾ ( ਤਲਵੰਡੀ ਸਾਬੋ 13 ਜਨਵਰੀ** 2020) ਅੱਜ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਵੱਖ-ਵੱਖ ਕਾਲਜਾਂ ਵਿੱਚ ਲੋਹੜੀ ਦਾ ਤਿਉਹਾਰ ਬੜੇ ਚਾਵਾਂ ਮਲਾਰਾਂ ਨਾਲ ਮਨਾਇਆ ਗਿਆ।ਇਸ ਮੌਕੇ ਆਯੋਜਿਤ ਕੀਤੇ ਗਏ ਸਮਾਰੋਹਾਂ ਵਿੱਚ ਲੜਕੀਆਂ ਦੀ ਲੋਹੜੀ ਤੇ ਸੱਭਿਆਚਾਰਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਜਿਸ ਵਿੱਚ ਯੂਨੀਵਰਸਿਟੀ ਦੇ ਉੱਪ-ਕੁਲਪਤੀ ਡਾ. ਗੁਰਸ਼ਰਨ ਸਿੰਘ ਰੰਧਾਵਾ ਨੇ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸ਼ਿਰਕਤ ਕੀਤੀ।ਵਰਸਿਟੀ ਵੱਲੋਂ ਆਯੋਜਿਤ ਕੀਤੇ ਗਏ ਸਮਾਰੋਹ ਵਿੱਚ ਡਾ. ਗੁਰਜੰਟ ਸਿੰਘ ਸਿੱਧੂ (ਰਜਿਸਟਰਾਰ), ਡਾ. ਹਰਜਿੰਦਰ ਸਿੰਘ ਰੋਜ਼ (ਡੀਨ ਅਕਾਦਮਿਕ), ਡਾ. ਮਮਤਾ ਰਾਏ ( ਡੀਨ ਕਾਲਜ ਆਫ ਐਜੂਕੇਸ਼ਨ), ਡਾ. ਵਿਜੈ ਲਕਸ਼ਮੀ (ਡੀਨ) ਨੇ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਹਾਜਰ ਹੋਏ। ਭਾਰੀ ਬਾਰਿਸ਼ ਦੇ ਕਾਰਨ ਐਡੀਟੋਰੀਅਮ ਵਿੱਚ ਕੀਤੇ ਗਏ ਸਮਾਰੋਹ

ਵਿੱਚ ਵਿਦਿਆਰਥਣਾਂ ਨੇ ਪੰਜਾਬੀ ਲੋਕ-ਨਾਚ ਗਿੱਧਾ ਅਤੇ ਲੋਕ ਗੀਤਾ ਰਾਹੀ ਬੇਟੀਆਂ ਦੀ ਤਰੱਕੀ ਦਾ ਸੰਦੇਸ ਦਿੱਤਾ।ਉਹਨਾਂ ਕੁੜੀਆਂ ਵੱਲੋਂ ਹਰ ਖੇਤਰ ਵਿੱਚ ਕੀਤੀਆਂ ਜਾ ਰਹੀਆ ਪ੍ਰਾਪਤੀਆਂ ਬਾਰੇ ਗੀਤ ਸੁਣਾਏ ਅਤੇ ਨਾਟਕ ਦਾ ਮੰਚਨ ਕੀਤਾ। ਇਸ ਮੌਕੇ ਯੂਨੀਵਰਸਿਟੀ ਕਾਲਜ ਆਫ ਐਜੂਕੇਸ਼ਨ ਵਿਖੇ ਮਨਾਏ ਗਏ ਇਸ ਤਿਉਹਾਰ ਨੂੰ ਸਫ਼ਲ ਬਣਾਉਣ ਵਿੱਚ ਡਾ. ਅੰਜਲੀ ਮੋਂਗਾ, ਡਾ. ਕੁਲਦੀਪ ਕੌਰ, ਪ੍ਰੋ ਗੋਰਾ ਸਰਾਂ, ਜਸ਼ਨਦੀਪ ਕੌਰ, ਡਾ. ਜਸਵਿੰਦਰ ਕੌਰ, ਡਾ. ਮਨਦੀਪ ਕੌਰ, ਪ੍ਰੀਤੀ ਰਤਨ , ਸੁਖਦੀਪ ਕੌਰ, ਅਮ੍ਰਿਤਪਾਲ ਕੌਰ, ਡਾ. ਅੰਬਾਲਿਕਾ ਡੋਗਰਾ, ਡਾ. ਰਜੇਸ ਕੁਮਾਰ ਅਤੇ ਜਗਦੀਪ ਕੌਰ ਦਾ ਵਿਸ਼ੇਸ਼ ਸਹਿਯੋਗ ਰਿਹਾ।



## ਯੂਨੀਵਰਸਿਟੀ ਕਾਲਜ ਆਫ ਬੇਸਿਕ ਸਾਇਸਜ ਐਂਡ ਹਉਮੈਨਟੀਜ ਵਿਖੇ ਮਨਾਇਆ ਗਿਆ ਰਾਸ਼ਟਰੀ ਯੂਵਾ ਦਿਵਸ

**ਬਠਿੰਡਾ ( ਤਲਵੰਡੀ ਸਾਬੋ 13 ਜਨਵਰੀ 2020 )** ਅੱਜ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਕਾਲਜ ਆਫ ਬੇਸਿਕ ਸਾਇਸਜ ਐਂਡ ਹਉਮੈਨਟੀਜ ਦੇ ਐਨ.ਐਸ.ਐਸ. ਯੂਨਿਟ ਵੱਲੋਂ ਮਨਾਏ ਜਾ ਰਹੇ ਰਾਸ਼ਟਰੀ ਯੁਵਾ ਸਪਤਾਹ ਦੇ ਤਹਿਤ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ।ਜਿਸ ਵਿੱਚ ਪ੍ਰੋ. ਅਨੂਪ ਸੂਖੀਜਾ ਮੁੱਖ ਵਕਤਾ ਦੇ ਤੌਰ ਤੇ ਸ਼ਿਰਕਤ ਕੀਤੀ।ਇਸ ਸੈਮੀਨਾਰ ਦੀ ਪ੍ਰਧਾਨਗੀ ਡਾ. ਸਤਨਾਮ ਸਿੰਘ ਜੱਸਲ (ਡੀਨ) ਨੇ ਕੀਤੀ।ਸੈਮੀਨਾਰ ਵਿੱਚ ਡਾ. ਜਸਮੀਤ ਸਿੰਘ (ਡੀਨ ਸਟੂਡੈਂਟ ਵੈਲਫੇਅਰ), ਡਾ. ਵਿਜੈ ਸ਼ੰਕਰ, ਪ੍ਰੋ ਕੁਲਦੀਪ ਸਿੰਘ ਤੇ ਲਵਲੀਨ ਸਚਦੇਵਾ (ਡਿਪਟੀ ਡਾਇਰੈਕਟਰ ਲੋਕ ਸੰਪਰਕ) ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਹਾਜਰ ਹੋਏ। ਸੈਮੀਨਾਰ ਵਿੱਚ ਬੋਲਦੇ ਹੋਏ ਡਾ. ਜੱਸਲ ਨੇ ਕਿਹਾ, ਇਹ ਸਾਡੇ ਪੰਜਾਬ ਲਈ ਬੜੇ ਅਫ਼ਸੋਸ ਦੀ ਗੱਲ ਹੈ ਕਿ ਅੱਜ ਇਸ ਦੀ ਜਵਾਨੀ ਕੰਮ ਦੀ ਭਾਲ ਵਿੱਚ ਵਿਦੇਸ਼ਾਂ ਵਿੱਚ ਰੁਲ ਰਹੀ ਹੈ, ਜਿਸ ਕਾਰਨ ਇਸ ਦਾ ਕਰੋੜਾਂ ਦਾ ਸਰਮਾਇਆ ਅਤੇ ਅਰਬਾਂ ਦੀ ਜਵਾਨੀ ਜਿਸ ਨੇ ਇਸ ਰਾਸ਼ਟਰ ਦੇ ਨਿਰਮਾਣ ਵਿੱਚ ਆਪਣਾ ਯੋਗਦਾਨ ਪਾਉਣਾ ਸੀ, ਵਿਦੇਸ਼ਾਂ ਵਿੱਚ ਧੱਕੇ ਖਾ ਰਹੀ ਹੈ, ਲੋੜ ਹੈ ਇਸ ਨੂੰ ਸੰਭਾਲਨ ਦੀ ਅਤੇ ਸਹੀ ਰਸਤੇ ਪਾਉਣ ਦੀ। ਇਸ ਮੌਕੇ ਮੁੱਖ ਵਕਤਾ ਦੇ ਤੌਰ ਤੇ ਪਧਾਰੇ ਪ੍ਰੋ ਅਨੂਪ ਸੁਖੀਜਾ ਨੇ ਕਿਹਾ ਕਿ ਅੱਜ ਦਾ ਨੌਜਵਾਨ ਆਪਣੇ ਟੀਚੇ ਤੋਂ ਭਟਕ ਗਿਆ ਹੈ, ਜਰੂਰਤ ਹੈ ਉਸਨੂੰ ਆਪਣੀ ਸਹੀ ਦਿਸ਼ਾ ਵੱਲ ਕਦਮ ਵਧਾਉਣ ਦੀ ਤੇ ਆਪਣੀ ਤਾਕਤ ਦੀ ਪਹਿਚਾਣ ਕਰਨ ਦੀ।ਉਹਨਾਂ ਇਹ ਵੀ ਕਿਹਾ ਕਿ ਜੇ ਪੰਜਾਬ ਦਾ ਨੌਜਵਾਨ ਵਿਦੇਸ਼ਾਂ ਵਿੱਚ ਜਾ ਕੇ ਮੁਸ਼ਿਕਲ ਹਾਲਤਾ ਵਿੱਚ ਤਰੱਕੀ ਦੇ ਝੰਡੇ ਲਹਿਰਾ ਸਕਦਾ ਹੈ ਤਾਂ ਭਾਰਤ ਵਿੱਚ ਆਪਣੀ ਸਰਜ਼ਮੀ ਤੇ ਰਹਿ ਕੇ ਨਾਮ ਕਮਾਉਣਾ ਕੋਈ ਮੁਸ਼ਕਿਲ ਨਹੀਂ, ਜਰੂਰਤ ਸਿਰਫ ਰਸ਼ਟਰੀ ਚਰਿਤਰ, ਸਖਤ ਮਿਹਨਤ, ਇਮਾਨਦਾਰੀ ਤੇ ਅਨੁਸ਼ਾਸਨ ਦੀ ਹੈ। ਉਹਨਾਂ ਇਸ ਮੌਕੇ ਵਿਦਿਆਰਥੀਆਂ ਨੂੰ ਸਵਾਮੀ ਵਿਵੇਕਾਨੰਦ ਦੇ ਜੀਵਨ ਬਾਰੇ ਵੀ ਚਾਨਣਾ ਪਾਇਆ। ਅਖੀਰ ਵਿੱਚ ਐਨ.ਐਸ.ਐਸ. ਯੁਨਿਟ ਦੇ ਪ੍ਰੋਗਰਾਮ ਅਫਸਰ ਪ੍ਰੋ. ਕੁਲਦੀਪ ਸਿੰਘ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।




## ਜੀ.ਕੇ.ਯੂ. ਵਿਖੇ ਨੈਤਿਕ ਸਿੱਖਿਆ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਵੰਡੇ ਸਰਟੀਫਿਕੇਟ।

**ਬਠਿੰਡਾ ( ਤਲਵੰਡੀ ਸਾਬੋ 15 ਜਨਵਰੀ 2020 )** ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਬੇਸਿਕ ਸਾਇੰਸ ਦੇ ਧਰਮ ਅਧਿਐਨ ਵਿਭਾਗ ਵੱਲੋਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸਹਿਯੋਗ ਨਾਲ ਨੈਤਿਕ ਸਿੱਖਿਆ ਦੇ ਕਰਵਾਏ ਗਏ ਪੇਪਰ ਨੂੰ ਵਰਸਿਟੀ ਦੇ ਲਗਭਗ 300 ਵਿਦਿਆਰਥੀਆਂ ਨੇ ਪਾਸ ਕੀਤਾ। ਇਸ ਮੌਕੇ ਪਾਸ ਹੋਣ ਵਾਲੇ ਵਿਦਿਆਰਥੀਆਂ ਨੂੰ ਵਰਸਿਟੀ ਅਤੇ ਸਟੱਡੀ ਸਰਕਲ ਵੱਲੋਂ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਆਯੋਜਿਤ ਕੀਤੇ ਗਏ ਸਮਾਰੋਹ ਵਿੱਚ ਵਰਸਿਟੀ ਦੇ ਵਿਦਿਆਰਥੀਆਂ ਨੂੰ ਮੁੱਖ ਮਹਿਮਾਨ ਦੇ ਤੌਰ ਤੇ ਪਧਾਰੇ ਉੱਪ-ਕੁਲਪਤੀ ਡਾ. ਗੁਰਸ਼ਰਨ ਸਿੰਘ ਰੰਧਾਵਾ ਨੇ ਸਰਟੀਫਿਕੇਟ ਤਕਸੀਮ ਕੀਤੇ।ਸਮਾਰੋਹ ਵਿੱਚ ਡਾ. ਗੁਰਜੰਟ ਸਿੰਘ ਸਿੱਧੂ (ਰਜਿਸਟਰਾਰ), ਡਾ. ਸਤਨਾਮ ਸਿੰਘ ਜੱਸਲ ( ਡੀਨ), ਡਾ. ਅਸ਼ਵਨੀ ਸੇਠੀ (ਡਾਇਰੈਕਟਰ ਪਲਾਨਿੰਗ ਅਤੇ ਵਿਕਾਸ), ਪ੍ਰਿੰਸੀਪਲ ਰਿੱਚਾ ਗੁਪਤਾ, ਇੰਜੀ. ਸ਼ਮਸੇਰ ਸਿੰਘ, ਇੰਜੀ. ਕੁਲਵਿੰਦਰ ਸਿੰਘ ਤੇ ਸ. ਗੁਰਤੇਜ ਸਿੰਘ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸ਼ਾਮਿਲ ਹੋਏ। ਸਮਾਰੋਹ ਵਿੱਚ ਧਰਮ ਅਧਿਐਨ ਵਿਭਾਗ ਦੇ ਮੁਖੀ ਪ੍ਰੋ. ਗੁਰਜੀਤ ਸਿੰਘ ਖਾਲਸਾ ਨੇ ਵਿਦਿਆਰਥੀਆਂ ਨੂੰ ਆਪਣੇ ਸੰਬੋਧਨ ਵਿੱਚ ਕਿਹਾ ਕਿ ਕਿਤਾਬੀ ਗਿਆਨ ਤੋਂ ਇਲਾਵਾ ਨੈਤਿਕ ਸਿੱਖਿਆ ਦਾ ਗਿਆਨ ਹਾਸਿਲ ਕਰਨਾ ਅਤਿ ਜਰੂਰੀ ਹੈ।ਵਰਤਮਾਨ ਸਮੇਂ ਵਿੱਚ ਵੱਧ ਰਹੀ ਲਚਰਤਾ ਸਾਡੇ ਸੱਭਿਆਚਾਰ ਵਿੱਚ ਆ ਰਹੇ ਨਿਘਾਰ, ਨਸ਼ੇ ਵਰਗੀਆਂ ਨਾ ਮੁਰਾਦ



ਕੁਰੀਤੀਆਂ ਦਾ ਮੁੱਖ ਕਾਰਨ ਸਾਡੀ ਨੌਜੁਆਨ ਪੀੜੀ ਦਾ ਡਿੱਗ ਰਿਹਾ ਨੈਤਿਕ ਪੱਧਰ ਹੈ ਉਹਨਾਂ ਇਹ ਵੀ ਆਖਿਆ ਕਿ ਯੂਨੀਵਰਸਿਟੀ ਦਾ ਮੁੱਖ ਮਕਸਦ ਗੁਣਾਤਮਕ ਵਿੱਦਿਆ ਦੇ ਨਾਲ-ਨਾਲ ਸਾਹਿਤਕ,ਕਲਾਤਮਿਕ ਅਤੇ ਰਚਨਾਤਮਕ ਰੁਚੀਆਂ ਤੇ ਸੇਵਾ ਭਾਵਨਾ ਦਾ ਸੰਚਾਰ ਕਰਨ ਦੇ ਨਾਲ-ਨਾਲ ਵਿਦਿਆਰਥੀਆਂ ਦੀ ਸਰਬਪੱਖੀ ਸਖਸ਼ੀਅਤ ਦੀ ਉਸਾਰੀ ਅਤੇ ਇੱਕ ਚੰਗੇ ਨਿਰੋਏ ਸਮਾਜ ਦੀ ਸਿਰਜਨਾਂ ਕਰਨਾ ਹੈ, ਤਾ ਜੋ ਸਮਾਜ ਵਿੱਚੋ ਗੁਆਚੀਆਂ ਕਦਰਾਂ ਕੀਮਤਾਂ ਦੀ ਬਹਾਲੀ ਹੋ ਸਕੇ। ਇਸ ਮੌਕੇ ਡਾ. ਰੰਧਾਵਾਂ ਨੇ ਪਾਸ ਹੋਣ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਹਨਾਂ ਨੂੰ ਆਪਣੇ ਅਮੀਰ ਵਿਰਸੇ, ਸੱਭਿਆਚਾਰ ਨਾਲ ਜੁੜੇ ਰਹਿਣ ਲਈ ਕਿਹਾ ਅਤੇ ਉਹਨਾਂ ਨੇ ਯੁਵਾ ਵਰਗ ਨੂੰ ਆਪਣੇ ਆਲੇ ਦੁਆਲੇ ਦੀ ਸਾਂਭ ਸੰਭਾਲ ਅਤੇ ਲੋੜਵੰਦ ਵਿਅਕਤੀਆਂ ਦੀ ਸੇਵਾ ਕਰਨ ਦੀ ਅਪੀਲ ਕੀਤੀ। ਅਖੀਰ ਵਿੱਚ ਉਹਨਾਂ ਨੇ ਇਸ ਸਮਾਰੋਹ ਦੇ ਸਫਲ ਆਯੋਜਨ ਲਈ ਸਟੱਡੀ ਸਰਕਲ ਤੇ ਧਰਮ ਅਧਿਐਨ ਵਿਭਾਗ ਦਾ ਧੰਨਵਾਦ ਕੀਤਾ।

## ਜੀ.ਕੇ.ਯੂ. ਦੇ ਐਨ.ਐਸ.ਐਸ. ਵੰਲਟੀਅਰਾਂ ਨੇ "ਸੜਕ ਸੁਰੱਖਿਆ ਜਾਗਰੂਕਤਾ" ਰੈਲੀ ਕੱਢੀ।

**ਬਠਿੰਡਾ (ਤਲਵੰਡੀ ਸਾਬੋ 16 ਜਨਵਰੀ 2020)** ਅੱਜ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਕਾਲਜ ਆਫ ਐਗਰੀਲਕਚਰ ਦੇ ਐਨ.ਐਸ.ਐਸ. ਯੂਨਿਟ ਵੱਲੋਂ "ਰਾਸ਼ਟਰੀ ਸੜਕ ਸੁਰੱਖਿਆ ਹਫਤੇ" ਦਾ ਆਗਾਜ ਡਾ. ਸ਼ਾਮ ਸਿੰਘ ਢਿੱਲੋਂ (ਡੀਨ) ਤੇ ਡਾ. ਜਸਮੀਤ ਸਿੰਘ (ਡੀਨ ਸਟੂਡੈਂਟ ਵੈਲਫੈਅਰ) ਦੀ ਅਗਵਾਈ ਹੇਠ ਪਿੰਡ ਜਗਾ ਰਾਮ ਤੀਰਥ ਵਿਖੇ ਸੜਕ ਸੁਰੱਖਿਆ ਜਾਗਰੂਕਤਾ ਰੈਲੀ ਕੱਢ ਕੇ ਕੀਤਾ। ਇਸ ਰੈਲੀ ਨੂੰ ਡਾ. ਗੁਰਜੰਟ ਸਿੰਘ ਸਿੱਧੂ (ਰਜਿਸਟਰਾਰ) ਅਤੇ ਡਾ. ਹਰਜਿੰਦਰ ਸਿੰਘ ਰੋਜ਼ (ਡੀਨ ਅਕਾਦਮਿਕ) ਨੇ ਹਰੀ ਝੰਡੀ ਵਿਖਾ ਕੇ ਰਵਾਨਾ ਕੀਤਾ। ਇਸ ਮੌਕੇ ਐਨ.ਐਸ.ਐਸ. ਪ੍ਰੋਗਰਾਮ ਅਫਸਰ ਪ੍ਰੋ. ਹਰਪਾਲ ਸਿੰਘ ਤੇ ਪ੍ਰੋ. ਗੁਰਜਿੰਦਰ ਸਿੰਘ ਦੀ ਰਹਿਨੁਮਾਈ ਹੇਠ ਐਨ.ਐਸ.ਐਸ. ਵਲੰਟੀਅਰਾਂ ਵੱਲੋਂ ਪਿੰਡ ਵਾਸੀਆਂ ਨੂੰ ਜਾਗਰੂਕ ਕੀਤਾ ਗਿਆ ਅਤੇ ਸੜਕ ਸੁਰੱਖਿਆ ਦੇ ਨਿਯਮਾਂ ਬਾਰੇ ਜਾਣਕਾਰੀ ਦਿੱਤੀ ਗਈ ਰੈਲੀ ਵਿੱਚ ਪ੍ਰੋ. ਦੇਵੀ ਲਾਲ ਨੇ ਪਿੰਡ ਵਾਸੀਆਂ ਨੂੰ ਡਰਾਇਵਿੰਗ ਸਮੇਂ ਟ੍ਰੈਫਿਕ ਨਿਯਮਾਂ, ਹੈਲਮਟ ਦੀ ਵਰਤੋਂ ਅਤੇ ਵਾਹਨਾਂ ਦੇ ਕਾਗਜ ਹਮੇਸ਼ਾ ਨਾਲ ਰੱਖਣ ਦੀ ਅਪੀਲ ਕੀਤੀ। ਰੈਲੀ ਨੂੰ ਰਵਾਨਾ ਕਰਦੇ ਸਮੇਂ ਰਜਿਸਟਰਾਰ ਡਾ. ਸਿੱਧੂ ਨੇ ਕਿਹਾ ਕਿ ਜੀ.ਕੇ.ਯੂ. ਵੱਲੋਂ ਇਸ ਤਰਾਂ ਦੇ ਕਈ ਜਾਗਰੂਕਤਾ ਮੁਹਿੰਮ ਪਹਿਲਾਂ ਵੀ ਚਲਾਈ ਜਾ ਰਹੀ ਹੈ ।ਜਿਨਾਂ ਵਿੱਚੋਂ ਸਵਛੱਤਾ ਅਭਿਆਨ, ਵਣ ਲਗਾਉ-ਭੂਮੀ ਬਚਾਉ,ਪਲਾਸਟਿਕ ਮੁਕਤ ਭਾਰਤ ਆਦਿ ਤੇ ਭਵਿੱਖ ਵਿੱਚ ਵੋਟਰ ਜਾਗਰੂਕਤਾ ਅਭਿਆਨ ਵੀ ਜਲਦੀ ਹੀ ਚਲਾਇਆ ਜਾਵੇਗਾ ।ਇਸ ਦੇ ਲਈ ਉਹਨਾਂ ਨੇ ਇਲਾਕਾ ਨਿਵਾਸੀਆਂ ਅਤੇ ਵਿਦਿਆਰਥੀਆਂ ਨੂੰ ਸਹਿਯੋਗ ਦੀ ਅਪੀਲ ਵੀ ਕੀਤੀ।




## ਯੂਨੀਵਰਸਿਟੀ ਕਾਲਜ ਆਫ ਲਾਅ ਦੇ ਵਿਦਿਆਰਥੀਆਂ ਨੇ ਪਿੰਡ ਮਲਕਾਣਾ ਵਿਖੇ ਲਗਾਇਆ "ਮੁਫਤ ਕਾਨੂੰਨੀ ਸਿੱਖਿਆ ਕੈਂਪ" ।




**ਬਠਿੰਡਾ (ਤਲਵੰਡੀ ਸਾਬੋ 17 ਜਨਵਰੀ 2020)** ਅੱਜ ਗੁਰੂ ਕਾਸੀ ਯੂਨੀਵਰਸਿਟੀ ਦੇ ਕਾਲਜ ਆਫ ਲਾਅ ਦੇ ਵਿਦਿਆਰਥੀਆਂ ਵੱਲੋਂ ਡਾ. ਅਰਪਨਾ ਬਾਂਸਲ (ਡੀਨ) ਦੀ ਅਗਵਾਈ ਹੇਠ ਪਿੰਡ ਮਲਕਾਣਾ ਵਿਖੇ ਸਮੂਹ ਪੰਚਾਇਤ ਅਤੇ ਨੰਬਰਦਾਰ ਨਾਇਬ ਸਿੰਘ ਦੇ ਸਹਿਯੋਗ ਨਾਲ ਮੁਫਤ ਕਾਨੂੰਨੀ ਸਿੱਖਿਆ ਕੈਂਪ ਲਗਾਇਆ ਗਿਆ ।ਇਸ ਕੈਂਪ ਵਿੱਚ ਐਡਵੋਕੇਟ ਅਮਨਦੇਵ ਸਿੰਘ, ਐਡਵੋਕੇਟ ਅਸ਼ਵਨੀ ਅਤੇ ਐਡਵੋਕੇਟ ਪੂਜਾ ਨੇ ਪਿੰਡ ਵਾਸੀਆਂ ਨੂੰ ਮਨੁੱਖੀ ਅਧਿਕਾਰਾਂ, ਨੈਤਿਕ ਕਰਤੱਵਾਂ ਅਤੇ ਮੌਲਿਕ ਕਰਤੱਵਾਂ ਬਾਰੇ ਜਾਣਕਾਰੀ ਦਿੱਤੀ। ਕੈਂਪ ਤੋਂ ਪਹਿਲਾਂ ਵਿਦਿਆਰਥੀਆਂ ਨੇ ਗੁਰੂ ਕਾਸ਼ੀ ਯੂਨੀਵਰਸਿਟੀ ਅਤੇ ਮਲਕਾਣਾ ਵਿਖੇ ਐਨ.ਐਸ.ਐਸ. ਦੇ ਵਿਦਿਆਰਥੀਆਂ ਵੱਲੋਂ ਪ੍ਰੋਗਰਾਮ ਅਫਸਰ ਪ੍ਰੋ. ਅਮਨਦੇਵ ਸਿੰਘ ਦੀ ਰਹਿਨੁਮਾਈ ਹੇਠ ਇੱਕ ਰੈਲੀ ਵੀ ਕੱਢੀ ਗਈ ।ਜਿਸ ਵਿੱਚ ਵੰਲਟੀਅਰਾਂ ਨੇ ਪਿੰਡ ਵਾਸੀਆਂ ਨੂੰ ਸਵੱਛਤਾ, ਪਲਾਸਟਿਕ ਬੈਨ ਅਤੇ ਵਾਤਾਵਰਨ ਦੀ ਸਾਂਭ-ਸੰਭਾਲ ਪ੍ਰਤੀ ਜਾਗਰੂਕ ਕੀਤਾ ।ਇਸ ਰੈਲੀ ਨੂੰ ਡਾ. ਗੁਰਸ਼ਰਨ ਸਿੰਘ ਰੰਧਾਵਾਂ (ਉੱਪ-ਕੁਲਪਤੀ) ਨੇ ਝੰਡੀ ਵਿਖਾ ਕੇ ਰਵਾਨਾ ਕੀਤਾ ।ਇਸ ਮੌਕੇ ਡਾ. ਗੁਰਜੰਟ ਸਿੰਘ ਸਿੱਧੂ (ਰਜਿਸਟਰਾਰ), ਡਾ. ਹਰਜਿੰਦਰ ਸਿੰਘ ਰੋਜ਼ (ਡੀਨ ਅਕਾਦਮਿਕ), ਡਾ. ਅਸ਼ਵਨੀ ਸੇਠੀ (ਡਾਇਰੈਕਟਰ ਯੋਜਨਾ ਤੇ ਵਿਕਾਸ), ਡਾ. ਜਸਮੀਤ ਸਿੰਘ (ਡੀਨ ਸਟੂਡੈਂਟ ਵੈਲਫੇਅਰ), ਪ੍ਰਿੰਸਿਪਲ ਰਿੱਚਾ ਗੁਪਤਾ, ਡਾ. ਚਰਨ ਸਿੰਘ ਅਤੇ ਡਾ. ਸੰਜੇ ਤਨੇਜਾ ਵਿਸ਼ੇਸ਼ ਤੌਰ ਤੇ ਹਾਜਰ ਹੋਏ। ਕਾਨੂੰਨੀ ਸਹਾਇਤਾ ਕੈਂਪ ਬਾਰੇ ਜਾਣਕਾਰੀ ਦਿੰਦਿਆਂ ਡਾ. ਰੰਧਾਵਾਂ ਨੇ ਦੱਸਿਆ ਕਿ ਇਸ ਕੈਂਪ ਦਾ ਮਕਸਦ ਲੋਕਾਂ ਨੂੰ ਆਪਣੇ ਅਧਿਕਾਰਾਂ,ਕਰਤੱਵਾਂ ਅਤੇ ਜੁੰਮੇਵਾਰੀਆਂ ਪ੍ਰਤੀ ਜਾਗਰੂਕ ਕਰਨਾ ਹੈ ਉਹਨਾਂ ਦੱਸਿਆ ਕਿ ਸਰਕਾਰ ਦੀਆਂ ਬਹੁਤ ਸਾਰੀਆਂ ਯੋਜਨਾਵਾਂ ਇਸ ਲਈ ਸਫਲ ਨਹੀਂ ਹੋ ਪਾਦੀਆਂ ਕਿਉਂਕਿ ਲੋਕਾਂ ਨੂੰ ਉਹਨਾਂ ਬਾਰੇ ਜਾਣਕਾਰੀ ਨਹੀਂ ਹੁੰਦੀ, ਇਸ ਲਈ ਉਹ ਸਰਕਾਰੀ ਯੋਜਨਾਵਾਂ ਦਾ ਪੂਰਾ ਫਾਇਦਾ ਨਹੀਂ ਉਠਾ ਪਾਉਂਦੇ। ਸਫਲ ਲੋਕਤੰਤਰ ਲਈ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣਾ ਜਰੂਰੀ ਹੈ ।ਇਸ ਰੈਲੀ ਨੂੰ ਸਫਲ ਬਣਾਉਣ ਲਈ ਡਾ. ਭੀਮ, ਪ੍ਰੋ. ਅਮਨ ਬਹਿਲ ਅਤੇ ਪੀ.ਐਲ.ਵੀ. ਬੂਟਾ ਸਿੰਘ ਦਾ ਵਿਸ਼ੇਸ਼ ਸਹਿਯੋਗ ਰਿਹਾ।

## ਯੂਨੀਵਰਸਿਟੀ ਕਾਲਜ ਆਫ ਫਿਜੀਕਲ ਐਜੂਕੇਸ਼ਨ ਦੇ ਵਿਦਿਆਰਥੀਆਂ ਨੇ "ਫਿਟ ਇੰਡੀਆ" ਮੁਹਿੰਮ ਤਹਿਤ ਕੱਢੀ ਸਾਇਕਲ ਰੈਲੀ

**ਬਠਿੰਡਾ (ਤਲਵੰਡੀ ਸਾਬੋ)** ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਯੂਨੀਵਰਸਿਟੀ ਕਾਲਜ ਆਫ ਫਿਜੀਕਲ ਐਜੂਕੇਸ਼ਨ ਦੇ ਐਨ.ਐਸ.ਐਸ. ਯੂਨਿਟ ਵੱਲੋਂ ਭਾਰਤ ਸਰਕਾਰ ਵੱਲੋਂ ਚਲਾਈ ਜਾ ਰਹੀ ਫਿਟ ਇੰਡੀਆ ਮੁਹਿੰਮ ਤਹਿਤ ਇੱਕ ਸਾਇਕਲ ਰੈਲੀ ਦਾ ਆਯੋਜਨ ਕੀਤਾ ਗਿਆ ।ਜਿਸ ਨੂੰ ਵਰਸਿਟੀ ਦੇ ਉੱਪ-ਕੁਲਪਤੀ ਡਾ. ਗੁਰਸ਼ਰਨ ਸਿੰਘ ਰੰਧਾਵਾਂ ਅਤੇ

ਡਾ. ਗੁਰਜੰਟ ਸਿੰਘ ਸਿੱਧੂ (ਰਜਿਸਟਰਾਰ) ਨੇ ਹਰੀ ਝੰਡੀ ਵਿਖਾ ਕੇ ਰਵਾਨਾ ਕੀਤਾ।ਇਸ ਮੌਕੇ ਡੀਨ ਅਕਾਦਮਿਕ ਮਾਮਲੇ ਡਾ. ਹਰਜਿੰਦਰ ਸਿੰਘ ਰੋਜ਼, ਡਾ. ਅਸ਼ਵਨੀ ਸੇਠੀ (ਡਾਇਰੈਕਟਰ ਯੋਜਨਾ ਤੇ ਵਿਕਾਸ), ਡਾ. ਜਸਮੀਤ ਸਿੰਘ (ਡੀਨ ਸਟੂਡੈਂਟ ਵੈਲਫੇਅਰ), ਡਾ. ਅਰਪਨਾ ਬਾਂਸਲ ਤੇ ਡਾ. ਚਰਨ ਸਿੰਘ ਨੇ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸ਼ਿਰਕਤ ਕੀਤੀ। ਰੈਲੀ ਨੂੰ ਰਵਾਨਾ ਕਰਦੇ ਹੋਏ ਡਾ. ਰੰਧਾਵਾਂ ਨੇ ਕਿਹਾ ਕਿ ਬੋਧਿਕ ਵਿਕਾਸ ਦੇ ਨਾਲ-ਨਾਲ ਸ਼ਰੀਰਕ ਤੰਦਰੁਸਤੀ ਦਾ ਹੋਣਾ ਵੀ ਅਤਿ ਜਰੂਰੀ ਹੈ ਕਿਉਂਕਿ ਨਿਰੋਗ ਸ਼ਰੀਰ ਵਿੱਚ ਹੀ ਨਿਰੋਗ ਦਿਮਾਗ ਦਾ ਵਾਸਾ ਹੁੰਦਾ ਹੈ, ਇਸ ਲਈ ਵਿਦਿਆਰਥੀਆਂ ਦੀ ਰਚਨਾਤਮਕ ਅਤੇ ਕਲਾਤਮਕ ਖੋਜਾਂ ਲਈਂ ਉਹਨਾਂ ਦਾ ਸ਼ਰੀਰਕ ਤੌਰ ਤੇ ਫਿੱਟ ਰਹਿਣਾ ਜਰੂਰੀ ਹੈ।ਉਹਨਾਂ ਦੱਸਿਆ ਕਿ ਵਿਦਿਆਰਥੀਆਂ ਨੂੰ ਫਿੱਟ ਰੱਖਣ ਲਈ ਵਰਸਿਟੀ ਵੱਲੋਂ ਵੱਖ-ਵੱਖ ਸਮੇ ਤੇ ਮੁਫਤ ਯੋਗਾ ਕੈਂਪ ਅਤੇ ਫਿਜੀਕਲ ਟ੍ਰੇਨਿੰਗ ਕੈਂਪਾਂ ਦਾ ਆਯੋਜਨ ਵੀ ਕੀਤਾ ਜਾਂਦਾ ਹੈ, ਜਿਸ ਦਾ ਲੋਕਾਂ ਨੂੰ ਖੂਬ ਲਾਹਾ ਲੈਣਾ ਚਾਹੀਦਾ ਹੈ।




## ਅਮਰੀਕਾ ਵਿੱਚ ਉੱਚੇਰੀ ਸਿੱਖਿਆ ਪ੍ਰਾਪਤੀ ਹੁਣ ਹੋਈ ਆਸਾਨ- ਡਾ. ਰੰਧਾਵਾਂ।

**ਬਠਿੰਡਾ (ਤਲਵੰਡੀ ਸਾਬੋ 20 ਜਨਵਰੀ)** ਅੱਜ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਯੂਨੀਵਰਸਿਟੀ ਕਾਲਜ ਆਫ ਕਾਮਰਸ ਐਂਡ ਮੈਨੇਜਮੈਂਟ ਵਿਖੇ ਯੂਨਾਇਟਿਡ ਸਟੇਟਸ ਇੰਡੀਆਂ ਐਜੂਕੇਸ਼ਨਲ ਫਾਉਡੇਸ਼ਨ ਦੇ ਸਹਿਯੋਗ ਨਾਲ ਫੁੱਲਬਰਾਇਟ ਫੈਲੋਸ਼ਿਪ 2021-22 ਲਈ ਇੱਕ ਵਿਸ਼ਾਲ ਸੈਮੀਨਾਰ ਕਰਵਾਇਆ ਗਿਆ।ਇਸ ਸੈਮੀਨਾਰ ਦੀ ਪ੍ਰਧਾਨਗੀ ਡਾ. ਗੁਰਸ਼ਰਨ ਸਿੰਘ ਰੰਧਾਵਾਂ (ਉੱਪ-ਕੁਲਪਤੀ) ਨੇ ਕੀਤੀ।ਸੈਮੀਨਾਰ ਵਿੱਚ ਡਾ. ਗੁਰਜੰਟ ਸਿੰਘ ਸਿੱਧੂ (ਰਜਿਸਟਰਾਰ), ਡਾ. ਹਰਜਿੰਦਰ ਸਿੰਘ ਰੋਜ਼ (ਡੀਨ ਅਕਾਦਮਿਕ) ਵਿਸ਼ੇਸ਼ ਮਹਿਮਾਨ, ਡਾ. ਗਾਯਤਰੀ ਤੇ ਰੁਪਾਲੀ ਨੇ ਮੁੱਖ ਵੱਕਤਾ ਦੇ ਤੌਰ ਤੇ ਸ਼ਿਰਕਤ ਕੀਤੀ।ਸੈਮੀਨਾਰ ਵਿੱਚ ਮੁੱਖ ਵੱਕਤਾ ਦੇ ਤੌਰ ਤੇ ਪਧਾਰੇ ਡਾ. ਗਾਯਤਰੀ ਨੇ ਵਿਦਿਆਰਥੀਆਂ ਨੂੰ ਆਪਣੇ ਸੰਬੋਧਨ ਵਿੱਚ ਦੱਸਿਆ ਕਿ ਅਮਰੀਕਾ ਵਿੱਚ ਉਚੇਰੀ ਸਿੱਖਿਆ ਦੀ ਪ੍ਰਾਪਤੀ ਲਈ ਵਿਦਿਆਰਥੀਆਂ ਨੂੰ ਸਹੀ ਅਤੇ ਕਾਨੂੰਨੀ ਰਸਤੇ ਹੀ ਅਪਣਾਉਣੇ ਚਾਹੀਦੇ ਹਨ।ਇਸ ਦੇ ਲਈ ਫੁੱਲਬਰਾਇਟ ਫਾਉਂਡੇਸ਼ਨ ਵੱਲੋਂ ਯੋਗ ਵਿਦਿਆਰਥੀਆਂ ਨੂੰ ਵਜ਼ੀਫੇ ਵੀ ਦਿੱਤੇ ਜਾਂਦੇ ਹਨ।ਇਸ ਮੌਕੇ ਫਾਉਂਡੇਸ਼ਨ ਦੇ ਬੁਲਾਰੇ ਮੈਡਮ ਰੁਪਾਲੀ ਨੇ ਕਿਹਾ ਕਿ ਹੁਣ ਪ੍ਰਤਿਭਾਸ਼ਾਲੀ ਉਮੀਦਵਾਰਾਂ ਲਈ ਵਿਦੇਸ਼ਾਂ ਵਿੱਚ ਜਾ ਕੇ ਉਚੇਰੀ ਸਿੱਖਿਆ ਹਾਸਲ ਕਰਨਾ ਕੋਈ ਮੁਸ਼ਕਿਲ ਕੰਮ ਨਹੀਂ ਹੈ।ਗੁਰੂ ਕਾਸ਼ੀ ਯੂਨੀਵਰਸਿਟੀ ਵਿਦਿਆਰਥੀਆਂ ਨੂੰ ਇਸ ਦਿਸ਼ਾ ਵਿੱਚ ਆਪਣਾ ਭਰਵਾਂ ਸਹਿਯੋਗ ਦੇ ਰਹੀ ਹੈ। ਇਸ ਮੌਕੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਡਾ. ਰੰਧਾਵਾਂ ਨੇ ਦੱਸਿਆ ਕਿ ਖੋਜੀ ਅਤੇ ਯੋਗ ਵਿਦਿਆਰਥੀਆਂ ਲਈ ਵਰਸਿਟੀ ਉਹਨਾਂ ਦੇ ਸੁਪਨੇ ਸਾਕਾਰ ਕਰਨ ਲਈ ਆਪਣਾ ਹਰ ਤਰਾਂ ਦਾ ਸਹਿਯੋਗ ਕਰੇਗੀ।ਉਹਨਾਂ ਨੇ ਵਿਦਿਆਰਥੀਆਂ ਨੂੰ ਅਮਰੀਕਾ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਤੇ ਉਹਨਾਂ ਵਿੱਚ ਚੱਲ ਰਹੇ ਕੋਰਸਾਂ ਬਾਰੇ ਜਾਣਕਾਰੀ ਦਿੱਤੀ।ਡਾ. ਰੰਧਾਵਾਂ ਨੇ ਇਸ ਮੌਕੇ ਬੋਲਦੇ ਹੋਏ ਇਹ ਵੀ ਕਿਹਾ ਕਿ ਹੁਣ ਅਮਰੀਕਾ ਵਿੱਚ ਭਾਰਤੀਆਂ ਲਈ ਉੱਚ ਸਿੱਖਿਆ ਪ੍ਰਾਪਤ ਕਰਨਾ ਕੋਈ ਮੁਸ਼ਕਿਲ ਕੰਮ ਨਹੀ ਹੈ, ਜਰੂਰਤ ਹੈ ਤਾਂ ਸਿਰਫ ਵਿਦਿਆਰਥੀਆਂ ਵਿੱਚ ਇਸ ਪ੍ਰਤੀ ਸਕਰਾਤਮਕ ਸੋਚ ਪੈਦਾ ਕਰਨ ਦੀ।ਸੈਮੀਨਾਰ ਵਿੱਚ ਡਾ. ਰੋਜ਼ ਤੇ ਡਾ. ਗਾਯਤਰੀ ਨੇ ਵਿਦਿਆਰਥੀਆਂ ਦੇ ਸੁਆਲਾਂ ਦੇ ਜਵਾਬ ਦਿੱਤੇ।ਸੈਮੀਨਾਰ ਨੂੰ ਸਫਲ ਬਣਾਉਣ ਲਈ ਡਾ. ਅਮਿਤ ਟੁਟੇਜਾ (ਡਿਪਟੀ ਰਜਿਸਟਰਾਰ),ਡਾ. ਮਮਤਾ ਰਾਏ (ਡੀਨ), ਡਾ. ਪ੍ਰਵੀਨ ਕੁਮਾਰ, ਡਾ. ਸੰਜੇ ਤੁਨੇਜਾ ਤੇ ਲਵਲੀਨ ਸਚਦੇਵਾ (ਡਿਪਟੀ ਡਾਇਰੈਕਟਰ ਲੋਕ ਸੰਪਰਕ) ਦਾ ਵਿਸ਼ੇਸ਼ ਸਹਿਯੋਗ ਰਿਹਾ।

## ਜੀ.ਕੇ.ਯੂ. ਦੇ ਵਿਦਿਆਰਥੀ ਸੁਖਦੀਪ ਸਿੰਘ ਨੇ ਲਖਨਊ ਵਿਖੇ ਲਹਿਰਾਇਆ ਪੰਜਾਬੀ ਸੱਭਿਆਚਾਰ ਦਾ ਝੰਡਾ।

**ਬਠਿੰਡਾ (ਤਲਵੰਡੀ ਸਾਬੋ 21 ਜਨਵਰੀ)** ਬੀਤੇ ਦਿਨੀਂ ਉੱਤਰ ਪ੍ਰਦੇਸ ਸਰਕਾਰ ਦੇ ਸਮਾਜ ਕਲਿਆਣ ਵਿਭਾਗ ਵੱਲੋਂ ਲਖਨਊ ਵਿਖੇ ਸਵਾਮੀ ਵਿਵੇਕਾਨੰਦ ਦੇ ਜਨਮ ਦਿਹਾੜੇ ਨੂੰ ਸਮਰਪਿਤ ਰਾਸ਼ਟਰੀ ਯੁਵਾ ਸਮਾਰੋਹ ਮਨਾਇਆ ਗਿਆ।ਜਿਸ ਵਿੱਚ ਭਾਰਤ ਦੇ ਲਗਭਗ 7000 ਯੁਵਾ ਲੜਕਿਆਂ ਅਤੇ ਲੜਕੀਆਂ ਨੇ ਸ਼ਿਰਕਤ ਕੀਤੀ।ਇਸ ਸਮਾਰੋਹ ਵਿੱਚ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਕਾਲਜ ਆਫ ਐਜੂਕੇਸ਼ਨ ਦੇ ਵਿਦਿਆਰਥੀ ਸੁਖਦੀਪ ਸਿੰਘ ਨੇ ਪੰਜਾਬ ਦੀ ਨੁਮਾਇੰਦਗੀ ਕੀਤੀ। ਇਸ ਮੌਕੇ ਆਯੋਜਿਤ ਕੀਤੇ ਗਏ ਸੱਭਿਆਚਾਰਕ ਸਮਾਰੋਹ ਵਿੱਚ ਸੁਖਦੀਪ ਨੇ ਆਪਣੇ ਗਾਇਨ, ਲੋਕ ਨਾਚ ਭੰਗੜਾ, ਪੰਜਾਬੀ ਪਹਿਰਾਵਾ ਆਦਿ ਪੰਜਾਬੀ ਸੱਭਿਆਚਾਰਕ ਵੰਨਗੀਆਂ ਪੇਸ਼ ਕਰਕੇ ਆਏ ਹੋਏ ਲੋਕਾਂ ਦਾ ਮਨ ਮੋਹ ਲਿਆ।ਸੁਖਦੀਪ ਸਿੰਘ ਦੀ ਇਸ ਪ੍ਰਾਪਤੀ ਤੇ ਜੀ.ਕੇ.ਯੂ. ਦੀ ਮੈਨੇਜਮੈਂਟ ਅਤੇ ਫੈਕਲਟੀ ਮੈਬਰਾਂ ਨੇ ਉਸ ਦਾ ਵਿਸ਼ੇਸ਼ ਰੂਪ ਵਿੱਚ ਸਨਮਾਨ ਕੀਤਾ।ਇਸ ਮੌਕੇ ਰੱਖੇ ਗਏ ਸਨਮਾਨ ਸਮਾਰੋਹ ਵਿੱਚ ਸ. ਸੁਖਰਾਜ ਸਿੰਘ ਅਤੇ ਵਰਸਿਟੀ ਦੇ ਉੱਪ-ਕੁਲਪਤੀ ਡਾ. ਗੁਰਸ਼ਰਨ ਸ਼ਿੰਘ ਰੰਧਾਵਾਂ ਨੇ ਸੁਖਦੀਪ ਨੂੰ ਯਾਦ-ਚਿੰਨ ਅਤੇ ਸ਼ਾਲ ਦੇ ਕੇ ਸਨਮਾਨਿਤ ਕੀਤਾ।ਇਸ ਸਮਾਰੋਹ ਵਿੱਚ ਡਾ. ਗੁਰਜੰਟ ਸਿੰਘ ਸਿੱਧੂ (ਰਜਿਸਟਰਾਰ). ਡਾ. ਹਰਜਿੰਦਰ ਸਿੰਘ ਰੋਜ਼ (ਡੀਨ ਅਕਾਦਮਿਕ), ਡਾ. ਅਸ਼ਵਨੀ ਸੇਠੀ (ਡਾਇਰੈਕਟਰ ਯੋਜਨਾ ਤੇ ਵਿਕਾਸ), ਡਾ. ਮਮਤਾ ਰਾਏ (ਡੀਨ), ਡਾ. ਜਸਮੀਤ ਸਿੰਘ (ਡੀਨ ਸਟੂਡੈਂਟ ਵੈਲਫੇਅਰ),ਡਾ. ਸੰਜੇ ਤਨੇਜਾ ਤੇ ਐਨ.ਐਸ.ਐਸ. ਅਫਸਰ ਪ੍ਰੋ. ਗੋਰਾ ਸਿੰਘ ਵਿਸ਼ੇਸ਼ ਤੌਰ ਤੇ ਹਾਜਰ ਹੋਏ।ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਆਯੋਜਿਤ ਇਸ 4 ਰੋਜ਼ਾ ਉਤਸਵ ਵਿੱਚ ਵਰਸਿਟੀ ਦੀ ਨੁਮਾਇੰਦਗੀ ਕਰਨ ਤੇ ਡਾ, ਰੰਧਾਵਾਂ ਨੇ ਸੁਖਦੀਪ ਦੀ ਇਸ ਪ੍ਰਾਪਤੀ ਤੇ ਵਧਾਈ ਦਿੱਤੀ ਅਤੇ ਕਿਹਾ ਕਿ ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਪੰਜਾਬੀ ਸੱਭਿਆਚਾਰ ਨੂੰ ਦਰਸ਼ਕਾਂ ਸਾਹਮਣੇ ਪੇਸ਼ ਕਰਨਾ ਇਸ ਦੀ ਪ੍ਰਾਪਤੀ ਹੈ।ਉਹਨਾਂ ਨੋਜੁਆਨਾਂ ਨੂੰ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਨਾਲ ਜੁੜੇ ਰਹਿਣ ਦੀ ਅਪੀਲ ਵੀ ਕੀਤੀ।



## ਫੇਸ ਪੇਟਿੰਗ ਵਿੱਚ ਹਨ ਰੋਜ਼ਗਾਰ ਦੀਆਂ ਬਹੁਤ ਸੰਭਾਵਨਾਵਾਂ : ਪ੍ਰੋ. ਕੰਵਲਜੀਤ ਕੌਰ

**ਬਠਿੰਡਾ (ਤਲਵੰਡੀ ਸਾਬੋ)** 22 ਜਨਵਰੀ 2020 ਅੱਜ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਕਾਲਜ ਆਫ਼ ਫਾਇਨ ਆਰਟਸ ਵੱਲੋਂ ਫੇਸ ਪੇਟਿੰਗ ਮੁਕਾਬਲਾ ਅਤੇ ਫਾਇਨ ਆਰਟ ਦਾ ਭਵਿੱਖ ਤੇ ਸੰਭਾਵਨਾਵਾਂ ਵਿਸ਼ੇ ਤੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਵਰਸਿਟੀ ਦੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਸੈਮੀਨਾਰ ਦੀ ਪ੍ਰਧਾਨਗੀ ਡਾ. ਸਤਨਾਮ ਸਿੰਘ ਜੱਸਲ (ਡੀਨ ਬੈਸਿਕ ਸਾਇੰਸ) ਨੇ ਕੀਤੀ। ਇਸ ਮੌਕੇ ਡਾ. ਗੁਰਜੰਟ ਸਿੰਘ (ਰਜਿਸਟਰਾਰ), ਡਾ. ਹਰਜਿੰਦਰ ਸਿੰਘ ਰੋਜ਼ (ਡੀਨ ਅਕਾਦਮਿਕ ਡਾ. ਵਿਜੈ ਸ਼ੰਕਰ ਪ੍ਰਸ਼ਾਦ, ਲਵਲੀਨ ਸੱਚਦੇਵਾ (ਡਿਪਟੀ ਡਾਇਰੈਕਟਰ ਲੋਕ ਸੰਪਰਕ) ਵਿਸ਼ੇਸ਼ ਮਹਿਮਾਨ ਵੱਜੋਂ ਸ਼ਾਮਿਲ ਹੋਏ। ਇਸ ਮੌਕੇ ਡਾ. ਰੋਜ਼ ਨੇ ਵਿਭਾਗ ਮੁੱਖੀ ਨੂੰ ਉਨ੍ਹਾਂ ਵੱਲੋਂ ਕਰਵਾਏ ਇਸ ਵਿਸ਼ੇਸ਼ ਤਰ੍ਹਾਂ ਦੇ ਮੁਕਾਬਲੇ ਲਈ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਪ੍ਰਤੀਯੋਗੀਆਂ ਨੂੰ ਵੱਖ-ਵੱਖ ਤਰ੍ਹਾਂ ਦੇ ਰੰਗਾਂ ਨਾਲ ਵੱਖ ਵੱਖ ਤਰ੍ਹਾਂ ਦੀ ਫੇਸ ਪੇਟਿੰਗ ਕਰਨ ਦਾ ਟੀਚਾ ਦਿੱਤਾ ਗਿਆ। ਜਿਸ ਵਿੱਚ ਰਮਨਦੀਪ ਸਿੰਘ, ਵਿਸ਼ਾਲ ਸਿੰਘ, ਸਤਗੁਰੂ ਸਿੰਘ, ਰਮਨਦੀਪ ਸਿੰਘ, ਰਮਨਦੀਪ ਕੌਰ, ਗੁਰਦੀਪ ਕੌਰ, ਦੇਵਰਾਜ ਤੇ ਰੁਕਸਾਨਾ ਨੇ ਅਗਲੇ ਪੜਾਅ ਲਈ ਕੁਆਲੀਫਾਈ ਕੀਤਾ। ਇਸ ਮੌਕੇ ਫਾਇਨ ਆਰਟ ਦੇ ਭਵਿੱਖ ਅਤੇ ਬਜਾਰ ਵਿੱਚ ਸੰਭਾਵਨਾਵਾਂ ਵਿਸ਼ੇ ਤੇ ਕਰਵਾਏ ਗਏ ਸੈਮੀਨਾਰ ਵਿੱਚ ਬੋਲਦਿਆਂ ਵਿਭਾਗ ਮੁੱਖ ਪ੍ਰੋ. ਕੰਵਲਜੀਤ ਕੌਰ ਨੇ ਕਿਹਾ ਕਿ ਵੱਡੇ ਸ਼ਹਿਰਾਂ ਵਿੱਚ ਲਲਿਤ ਕਲਾਵਾਂ ਵਿਸ਼ੇਸ਼ ਕਰ ਫੇਸ ਪੇਟਿੰਗ ਦਾ ਭਵਿੱਖ ਬੜਾ ਹੀ ਉਜਵੱਲ ਹੈ। ਵਿਦਿਆਰਥੀਆਂ ਨੂੰ ਸੁਖ਼ਮ ਕਲਾਵਾਂ ਦੇ ਖੇਤਰ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਇਸ ਮੌਕੇ ਉਨ੍ਹਾਂ ਦੱਸਿਆ ਭਾਰਤ ਦੇ ਕਈ ਨਾਮੀ ਪੇਟਰਾਂ ਦੀਆਂ ਪੇਟਿੰਗਸ ਵਿਦੇਸ਼ਾ ਵਿੱਚ ਕਰੋੜਾਂ ਵਿੱਚ ਵਿਕੀਆਂ ਹਨ ਤੇ ਉਨ੍ਹਾਂ ਦੀਆਂ ਬਣਾਇਆ ਕਲਾਕ੍ਰਿਤੀਆਂ ਦੀ ਬੜੀ ਬੇਸਬਰੀ ਨਾਲ ਉਡੀਕ ਕੀਤੀ ਜਾਂਦੀ ਹੈ। ਉਹਨਾਂ ਇਸ ਮੌਕੇ ਦੱਸਿਆ ਕਿ ਇਸੇ ਹੀ ਕਾਲਜ ਦੇ ਵਿਦਿਆਰਥੀ ਕੁਲਵਿੰਦਰ ਕੁਮਾਰ ਵੱਲੋਂ ਅਬੂਬ ਸ਼ਹਿਰ (ਹਰਿਆਣਾ) ਵਿੱਚ ਸਥਾਨਕ ਪ੍ਰਸ਼ਾਸ਼ਨ ਦੇ ਸਹਿਯੋਗ ਨਾਲ ਇਕ ਪੰਜ ਰੋਜ਼ਾ ਟ੍ਰੇਨਿੰਗ ਕੈਂਪ ਵੀ ਲਗਾਇਆ ਗਿਆ ਸੀ ਜਿਸ ਨੂੰ ਅਬੂਬ ਸ਼ਹਿਰ ਦੇ ਵਾਸਿਆਂ ਵੱਲੋਂ ਬੜਾ ਪਸੰਦ ਕੀਤਾ ਗਿਆ।




## ਬੇਟੀ ਬਚਾਉ, ਬੇਟੀ ਪੜਾਉ ਦੀ ਜਾਗਰੂਕਤਾ ਲਈ ਜੀ.ਕੇ.ਯੂ. ਨੇ ਰੈਲੀ ਤੇ ਸੈਮੀਨਾਰ ਦਾ ਆਯੋਜਨ ਕੀਤਾ ।

**ਬਠਿੰਡਾ (ਤਲਵੰਡੀ ਸਾਬੋ 24 ਜਨਵਰੀ 2020)** ਅੱਜ ਇਲਾਕੇ ਦੀ ਨਾਮੀ ਵਿੱਦਿਅਕ ਸੰਸਥਾ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਕਾਲਜ ਆਫ ਕਾਮਰਸ ਐਂਡ ਮੈਨੇਜਮੈਂਟ ਦੇ ਐਨ.ਐਸ.ਐਸ. ਯੂਨਿਟ ਵੱਲੋਂ ਬੇਟੀ ਬਚਾਉ, ਬੇਟੀ ਪੜਾਉ ਦੇ ਸੰਦੇਸ਼ ਨੂੰ ਘਰ-ਘਰ ਪਹੁੰਚਾਉਣ ਅਤੇ ਇਸ ਪ੍ਰਤੀ ਜਾਗਰੂਕਤਾ ਲਈ ਪਿੰਡ ਗੁਰੂਸਰ ਜਗਾ ਵਿਖੇ ਰੈਲੀ ਦਾ ਆਯੋਜਨ ਕੀਤਾ ਗਿਆ।ਇਸ ਰੈਲੀ ਨੂੰ ਵਰਸਿਟੀ ਦੇ ਉੱਪ-ਕੁਲਪਤੀ ਡਾ. ਗੁਰਸ਼ਰਨ ਸਿੰਘ ਰੰਧਾਵਾਂ ਤੇ ਡੀਨ ਅਕਾਦਮਿਕ ਡਾ. ਹਰਜਿੰਦਰ ਸਿੰਘ ਰੋਜ਼ ਨੇ ਝੰਡੀ ਵਿਖਾ ਕੇ ਰਵਾਨਾ ਕੀਤਾ।ਇਸ ਮੌਕੇ ਡਾ. ਅਸ਼ਵਨੀ ਸੇਠੀ (ਡਾਇਰੈਕਟਰ ਯੋਜਨਾ ਤੇ ਵਿਕਾਸ), ਡਾ. ਅਮਿਤ ਟੁਟੇਜਾ (ਡਿਪਟੀ ਰਜਿਸਟਰਾਰ), ਡਾ. ਜਸਮੀਤ ਸਿੰਘ (ਡੀਨ ਸਟੂਡੈਂਟ ਵੈਲਫੇਅਰ), ਡਾ. ਸੰਜੇ ਤਨੇਜਾ, ਡਾ. ਪਰਵੀਨ ਕੁਮਾਰ ਤੇ ਲਵਲੀਨ ਸਚਦੇਵਾ (ਡਿਪਟੀ ਡਾਇਰੈਕਟਰ ਲੋਕ ਸੰਪਰਕ) ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।ਇਸ ਰੈਲੀ ਵਿੱਚ ਐਨ.ਐਸ.ਐਸ. ਵਲੰਟੀਅਰਾਂ ਨੇ ਪਿੰਡ ਵਾਸੀਆਂ ਨੂੰ ਲੜਕੀਆਂ ਨੂੰ ਪੜਾਉਣ ਤੇ ਉਹਨਾਂ ਦਾ ਬਣਦਾ ਮਾਣ ਸਤਿਕਾਰ ਕਰਨ ਦਾ ਸੰਦੇਸ਼ ਦਿੱਤਾ। ਰੈਲੀ ਤੋਂ ਬਾਦ ਇਸ ਵਿਸ਼ੇ ਤੇ ਡਾ. ਮਮਤਾ ਰਾਏ (ਡੀਨ) ਦੀ ਪ੍ਰਧਾਨਗੀ ਹੇਠ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਡਾ ਰਾਏ ਨੇ ਬੇਟੀਆਂ ਦਾ ਮਹੱਤਵ, ਸਮਾਜ, ਦੇਸ਼ ਅਤੇ ਕੌਮ ਲਈ ਉਹਨਾਂ ਵੱਲੋਂ ਕੀਤੀਆਂ ਕੁਰਬਾਨੀਆਂ ਤੇ ਚਾਨਣਾ ਪਾਇਆ।ਉਹਨਾਂ ਇਹ ਵੀ ਕਿਹਾ ਕਿ ਵਰਤਮਾਨ ਸਮੇਂ ਲੜਕੀਆਂ ਨੇ ਹਰ ਖੇਤਰ ਵਿੱਚ ਪ੍ਰਾਪਤੀਆਂ ਕੀਤੀਆ ਹਨ,ਇਸ ਲਈ ਸਾਨੂੰ ਉਹਨਾਂ ਨੂੰ ਕੁੱਖ ਵਿੱਚ ਮਾਰਨ ਦੀ ਬਜਾਏ ਉਹਨਾਂ ਤੇ ਮਾਣ ਕਰਨਾ ਚਾਹੀਦਾ ਹੈ।ਇਸ ਮੌਕੇ ਡਾ. ਰਾਏ ਨੇ ਪੰਜਾਬ ਵਿੱਚ ਲੜਕੀਆਂ ਅਤੇ ਲੜਕਿਆਂ ਦੇ ਵਿਗੜ ਰਹੇ ਅਨੁਪਾਤ ਤੇ ਆਪਣੀ ਚਿੰਤਾਂ ਦਾ ਪ੍ਰਗਟਾਵਾ ਕੀਤਾ। ਅਖੀਰ ਵਿੱਚ ਪ੍ਰੋਗਰਾਮ ਅਫਸਰ ਪ੍ਰੋ. ਰਮਨਦੀਪ ਸਿੰਘ ਨੇ ਰੈਲੀ ਅਤੇ ਸੈਮੀਨਾਰ ਦੇ ਸਫਲ ਆਯੋਜਨ ਲਈ ਪਿੰਡ ਦੀ ਪੰਚਾਇਤ, ਵਰਸਿਟੀ ਪ੍ਰਬੰਧਕਾਂ ਤੇ ਫੈਕਲਟੀ ਮੈਂਬਰਾਂ ਦਾ ਧੰਨਵਾਦ ਕੀਤਾ।

ਕੈਪਸ਼ਨ- ਜੀ.ਕੇ.ਯੂ. ਵਿਖੇ ਰੈਲੀ ਅਤੇ ਸੈਮੀਨਾਰ ਦਾ ਦ੍ਰਿਸ਼।




## ਯੂਨੀਵਰਸਿਟੀ ਕਾਲਜ ਆਫ ਲਾਅ ਵਿਖੇ ਮਨਾਇਆ ਗਿਆ “ ਰਾਸ਼ਟਰੀ ਵੋਟਰ ਦਿਹਾੜਾ “ ।

**ਬਠਿੰਡਾ (ਤਲਵੰਡੀ ਸਾਬੋ 25 ਜਨਵਰੀ 2020)** ਅੱਜ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਕਾਲਜ ਆਫ ਲਾਅ ਵਿਖੇ ਰਾਸ਼ਟਰੀ ਵੋਟਰ ਦਿਹਾੜਾ ਡਾ. ਅਰਪਨਾ ਬਾਂਸਲ (ਡੀਨ) ਦੀ ਰਹਿਨੁਮਾਈ ਹੇਠ ਮਨਾਇਆ ਗਿਆ।ਇਸ ਮੌਕੇ ਡਾ. ਨਰਿੰਦਰ ਸਿੰਘ (ਡਾਇਰੈਕਟਰ ਫਾਇਨਾਂਸ) ਨੇ ਵਿਦਿਆਰਥੀਆਂ ਨੂੰ ਆਪਣੇ ਵੋਟ ਦੇ ਇਸਤੇਮਾਲ ਦੀ ਸੁੰਹ ਚੁਕਵਾਈ।ਇਸ ਮੌਕੇ ਕਾਲਜ ਵੱਲੋਂ ਵੋਟ ਦੀ ਮਹੱਤਤਾ ਵਿਸ਼ੇ ਤੇ ਇੱਕ ਸੈਮੀਨਾਰ ਦਾ ਆਯੋਜਨ ਵੀ ਕੀਤਾ ਗਿਆ।ਜਿਸ ਵਿੱਚ ਡਾ. ਜਸਮੀਤ ਸਿੰਘ (ਡੀਨ ਸਟੂਡੈਂਟ ਵੈਲਫੇਅਰ), ਡਾ. ਅਰਪਨਾ ਬਾਂਸਲ ਤੇ ਪ੍ਰੋ. ਅਮਨਦੇਵ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ। ਸੈਮੀਨਾਰ ਵਿੱਚ ਮੁੱਖ ਵੱਕਤਾ ਦੇ ਤੌਰ ਤੇ ਪਧਾਰੇ ਡਾ. ਜਸਮੀਤ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਹੈ, ਇਸ ਲਈ ਭਾਰਤ ਦੇ ਨਾਗਰਿਕਾਂ ਨੂੰ ਇਸ ਨੂੰ ਮਜਬੂਤ ਅਤੇ ਸ.ਫਲ ਬਣਾਉਣ ਲਈ ਆਪਣੀ ਵੋਟ ਦਾ ਇਸਤੇਮਾਲ ਬਿਨਾਂ ਕਿਸੇ ਲਾਲਚ, ਭਾਸ਼ਾ, ਧਰਮ, ਜਾਤੀ ਅਤੇ ਦਬਾਅ ਰਹਿਤ ਕਰਨਾ ਚਾਹੀਦਾ ਹੈ।ਭਾਰਤ




ਵਿੱਚ ਹਰ ਵੋਟਰ ਦਾ ਇੱਕ-ਇੱਕ ਵੋਟ ਅਤਿ ਮਹੱਤਵਪੂਰਨ ਹੈ, ਕਿਉਂਕਿ ਸਾਡੀ ਇਸ ਵੋਟ ਨੇ ਸਰਕਾਰ ਦਾ ਨਿਰਮਾਣ ਕਰਨਾ ਹੁੰਦਾ ਹੈ।ਇਸ ਲਈ ਦੇਸ਼ ਦੀ ਤਰੱਕੀ ਅਤੇ ਉੱਜਵਲ ਭਵਿੱਖ ਲਈ ਸਾਡੀ ਇੱਕ-ਇੱਕ ਵੋਟ ਆਪਣਾ ਯੋਗਦਾਨ ਦਿੰਦੀ ਹੈ। ਇਸ ਮੌਕੇ ਡਾ. ਅਰਪਨਾ ਬਾਂਸਲ ਤੇ ਪ੍ਰੋ. ਪੂਜਾ ਨੇ ਵਿਦਿਆਰਥੀਆਂ ਨੂੰ ਹਰ ਹਾਲਤ ਵਿੱਚ ਆਪਣੀ ਵੋਟ ਦੇ ਇਸਤੇਮਾਲ ਦੀ ਅਪੀਲ ਕੀਤੀ।

## ਲੇਖ ਮੁਕਾਬਲੇ, ਪੋਸਟਰ ਮੇਕਿੰਗ ਮੁਕਾਬਲੇ ਵਿੱਚ ਕੁਮਾਰ ਸੱਤਿਅਮ ਅਤੇ ਪੂਜਾ ਰਹੇ ਅਵੱਲ।

**ਬਠਿੰਡਾ (ਤਲਵੰਡੀ ਸਾਬੋ 27 ਜਨਵਰੀ 2020)** ਅੱਜ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਕਾਲਜ ਆਫ ਕੰਪਿਊਟਰ ਐਪਲੀਕੇਸ਼ਨ ਤੇ ਗੁਰੂ ਗੋਬਿੰਦ ਸਿੰਘ ਕਾਲਜ ਆਫ ਇਿਜੀਨੀਅਰਿੰਗ ਦੇ ਐਨ.ਐਸ.ਐਸ. ਯੂਨਿਟ ਵੱਲੋਂ ਪ੍ਰੋਗਰਾਮ ਅਫਸਰ ਇੰਜੀ. ਬੂਟਾ ਸਿੰਘ ਤੇ ਇੰਜੀ. ਚਮਕੋਰ ਸਿੰਘ ਦੀ ਅਗਵਾਈ ਹੇਠ ਸਵੱਛਤਾ ਪਖਵਾੜੇ ਦੀ ਸੁਰੂਆਤ ਲੇਖ ਮੁਕਾਬਲੇ ਅਤੇ ਪੋਸਟਰ ਮੇਕਿੰਗ ਮੁਕਾਬਲੇ ਕਰਵਾ ਕੇ ਕੀਤੀ ਗਈ।ਜਿਸ ਵਿੱਚ ਇਹਨਾਂ ਕਾਲਜਾ ਦੇ ਵਿੱਦਿਆਰਥੀਆਂ ਨੇ ਹਿੱਸਾ ਲਿਆ। ਇਹਨਾਂ ਮੁਕਾਬਲਿਆਂ ਵਿੱਚ ਇੰਜੀ. ਕੇਵਲ ਸਿੰਘ ਖੋਖਰ (ਡੀਨ) ਤੇ ਡਾ. ਜਸਮੀਤ ਸਿੰਘ (ਡੀਨ ਸਟੂਡੈਂਟ ਵੈਲਫੇਅਰ) ਬਤੌਰ ਮੁੱਖ ਮਹਿਮਾਨ ਪਧਾਰੇ ਤੇ ਜੇਤੂ ਖਿਡਾਰੀਆਂ ਨੂੰ ਇਨਾਮ ਤਕਸੀਮ ਕੀਤੇ। ਇਸ ਮੁਕਾਬਲੇ ਵਿੱਚ ਵਿੱਦਿਆਰਥੀਆਂ ਨੇ ਆਲੇ-ਦੁਆਲੇ ਨੂੰ ਸਾਫ-ਸੁਥਰਾ ਕਰਨ, ਸਫਾਈ ਦੀ ਮਹੱਤਤਾ ਤੇ ਇਸ ਦੇ ਫਾਇਦੇ ਵਿਸ਼ੇ ਤੇ



ਖੂਬਸੂਰਤ ਲੇਖ ਲਿਖੇ।ਇਸ ਮੌਕੇ ਪ੍ਰਤਿਯੋਗੀਆਂ ਵੱਲੋਂ ਇਸ ਵਿਸ਼ੇ ਨਾਲ ਸਬੰਧਿਤ ਚਿੱਤਰ ਵੀ ਬਣਾਏ ਗਏ। ਲੇਖ ਮੁਕਾਬਲੇ ਵਿੱਚ ਕੁਮਾਰ ਸੱਤਿਅਮ ਨੇ ਪਹਿਲਾ, ਰਮਨਦੀਪ ਕੌਰ ਨੇ ਦੂਜਾ ਤੇ ਅਰਪਿਤਾ ਨੇ ਤੀਜਾ, ਚਿੱਤਰ ਮੁਕਾਬਲੇ ਵਿੱਚ ਪੂਜਾ ਨੇ ਪਹਿਲਾ, ਅਮਨਜੋਤ ਕੌਰ ਨੇ ਦੂਜਾ ਤੇ ਪਰਨੀਤ ਪਾਲ ਨੇ ਤੀਜਾ ਸਥਾਨ ਹਾਸਿਲ ਕੀਤਾ। ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕਰਨ ਮੌਕੇ ਡਾ. ਜਸਮੀਤ ਸਿੰਘ ਨੇ ਕਿਹਾ ਕਿ ਐਨ.ਐਸ.ਐਸ. ਦਾ ਹਰ ਇੱਕ ਵਲੰਟੀਅਰ ਚੋਗਿਰਦੇ ਦੀ ਸਾਂਭ-ਸੰਭਾਲ ਅਤੇ ਇਸ ਨੂੰ ਹਰਾ ਭਰਾ ਰੱਖਣ ਵਿੱਚ ਆਪਣਾ ਯੋਗਦਾਨ ਦੇਵੇਗਾ ਅਤੇ ਸਮਾਜ ਨੂੰ ਵੀ ਇਸ ਪ੍ਰਤੀ ਜਾਗਰੂਕ ਕਰੇਗਾ।ਉਹਨਾਂ ਇਸ ਮੌਕੇ ਨਿੱਜੀ ਜੀਵਣ ਵਿੱਚ ਇੱਕ ਵਾਰੀ ਇਸਤੇਮਾਲ ਹੋਣ ਵਾਲੇ ਪਲਾਸਟਿਕ ਤੋਂ ਬਚਣ ਦੀ ਵੀ ਅਪੀਲ ਕੀਤੀ।

## ਗੁਰੂ ਕਾਸ਼ੀ ਯੂਨੀਵਰਸਿਟੀ ਦੀ ਐਥਲੈਟਿਕ ਮੀਟ 2020 ਵਿੱਚ ਯੂਨੀਵਰਸਿਟੀ ਕਾਲਜ ਆਫ ਲਾਅ ਨੇ ਜਿੱਤੀ ਓਵਰ ਆਲ ਟਰਾਫੀ।

**ਬਠਿੰਡਾ (ਤਲਵੰਡੀ ਸਾਬੋ 31 ਜਨਵਰੀ 2020)** ਅੱਜ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਵਿੱਚ ਚੱਲ ਰਹੀ ਐਥਲੈਟਿਕ ਮੀਟ ਵਿੱਚ ਯੂਨੀਵਰਸਿਟੀ ਕਾਲਜ ਆਫ ਲਾਅ, ਯੂਨੀਵਰਸਿਟੀ ਕਾਲਜ ਆਫ ਇੰਜੀਨੀਅਰਿੰਗ, ਯੂਨੀਵਰਸਿਟੀ ਕਾਲਜ ਆਫ ਪੈਰਾ ਮੈਡੀਕਲ ਸਾਇੰਸ, ਯੂਨੀਵਰਸਿਟੀ ਕਾਲਜ ਆਫ ਫਾਰਮੈਸੀ, ਯੂਨੀਵਰਸਿਟੀ ਕਾਲਜ ਆਫ ਫੈਸ਼ਨ ਟੈਕਨਾਲੋਜੀ ਦੇ ਖਿਡਾਰੀਆਂ ਨੇ ਹਿੱਸਾ ਲਿਆ।ਇਸ ਐਥਲੈਟਿਕ ਮੀਟ ਦਾ ਉਦਘਾਟਨ ਡਾ. ਗੁਰਸ਼ਰਨ ਸਿੰਘ ਰੰਧਾਵਾਂ (ਉੱਪ-ਕੁੱਲਪਤੀ) ਤੇ ਡਾ. ਗੁਰਜੰਟ ਸਿੰਘ ਸਿੱਧੂ (ਰਜਿਸਟਰਾਰ) ਨੇ ਕੀਤਾ।ਇਸ ਮੌਕੇ ਡਾ. ਹਰਜਿੰਦਰ ਸਿੰਘ ਰੋਜ਼ (ਡੀਨ ਅਕਾਦਮਿਕ), ਡਾ. ਨਰਿੰਦਰ ਸਿੰਘ (ਡਾਇਰੈਕਟਰ ਫਾਇਨਾਂਸ) ਤੇ ਡਾ. ਅਸ਼ਵਨੀ ਸੇਠੀ (ਡਾਇਰੈਕਟਰ ਯੋਜਨਾ ਤੇ ਵਿਕਾਸ) ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਹਾਜਰ ਹੋਏ। ਇਸ ਐਥਲੈਟਿਕ ਮੀਟ ਵਿੱਚ 100 ਮੀਟਰ, 200 ਮੀਟਰ, 400 ਮੀਟਰ, 800 ਮੀਟਰ, 5000 ਮੀਟਰ, ਅੜਿੱਕਾ ਦੋੜ, ਲੰਬੀ ਛਾਲ, ਉੱਚੀ ਛਾਲ, ਟ੍ਰਿਪਲ ਜੰਪ, ਜੈਵਲਿਨ ਥ੍ਰੋ, ਸ਼ਾਟਪੁੱਟ, ਡਿਸਕਸ ਥ੍ਰੋ, ਰਿਲੇ ਰੇਸ ( ਲੜਕੇ ਅਤੇ ਲੜਕੀਆਂ) ਦੇ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਐਲਿਜਾ ਬੈਂਢਾ (ਨਾਇਜੀਰੀਆ) ਦੇ ਵਿਦਿਆਰਥੀ ਨੂੰ ਬੈਸਟ ਅਥਲੀਟ ਦੇ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ।ਸਰਬਜੀਤ ਕੌਰ ਨੂੰ ਲੜਕੀਆਂ ਵਿੱਚੋ ਬੈਸਟ ਫੀਮੇਲ ਖਿਡਾਰੀ ਚੁਣਿਆ ਗਿਆ। ਇਸ ਮੌਕੇ ਵੱਖ-ਵੱਖ ਕਾਲਜਾ ਦੇ ਵਿਦਿਆਰਥੀਆਂ ਵੱਲੋ ਕੀਤੇ ਗਏ ਮਾਰਚ ਪਾਸਟ ਵਿੱਚ ਇੰਜੀਨੀਅਰਿੰਗ ਕਾਲਜ ਦੀ ਟੀਮ ਨੇ ਪਹਿਲਾ ਤੇ ਲਾਅ ਕਾਲਜ ਦੀ ਟੀਮ ਨੇ ਦੂਜਾ ਸਥਾਨ ਤੇ ਕਾਲਜ ਆਫ ਪੈਰਾ ਮੈਡੀਕਲ ਦੀ ਟੀਮ ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਐਥਲੈਟਿਕ ਮੀਟ ਨੂੰ ਸਫਲ ਬਣਾਉਣ ਲਈ ਡਾ. ਅਰਪਨਾ ਬਾਂਸਲ (ਡੀਨ ਲਾਅ), ਇੰਜੀ. ਕੇਵਲ ਸਿੰਘ ਖੋਖਰ (ਡੀਨ ਇੰਜੀਨੀਅਰਿੰਗ), ਪ੍ਰੋ. ਸੋਨਲ ਮਿੱਤਲ (ਡੀਨ ਫੈਸ਼ਨ ਟੈਕਨਾਲੋਜੀ), ਡਾ. ਚਰਨ ਸਿੰਘ (ਮੁਖੀ ਖੇਡ ਵਿਭਾਗ), ਪ੍ਰੋ. ਜੀ.ਐਮ. ਗਿੱਲ, ਇੰਜੀ. ਬੂਟਾ ਸਿੰਘ, ਪ੍ਰੋ. ਬਲਰਾਜ ਸਿੰਘ, ਪ੍ਰੋ. ਅਮਨਦੇਵ ਸਿੰਘ, ਪ੍ਰੋ. ਪਰਗਟ ਸਿੰਘ ਤੇ ਸੁੱਖਦੀਪ ਸਿੰਘ ਦਾ ਵਿਸ਼ੇਸ਼ ਸਹਿਯੋਗ ਰਿਹਾ।ਜੇਤੂ ਖਿਡਾਰੀਆਂ ਨੂੰ ਬਰਜਿੰਦਰ ਸਿੰਘ ਮਾਨ (ਕੰਟਰੋਲਰ ਪ੍ਰੀਖਿਆਵਾਂ) ਨੇ ਇਨਾਮ ਤਕਸੀਮ ਕੀਤੇ।



# GKU AWARDIES

| Sr. No. | Name | Award | Year |
|---|---|---|---|
| . | Dr. Hardeep Kaur | International Conference on Recentt Development in Engineering Sciences, Humanities and Management | 25-1-2020 |
| 2 | Mr. Naveen Kumar | Distinguished Teacher Award | 5-1-2020 |
| 3 | Ms. Geetinder Kaur | Excellence Award | 3-1-2020 |
| 4 | Dr. Vinod Kumar | Best Academician Award | 2-1-2020 |
| 5 | Mr. Lavlin Kumar Sachdeva | Distinguished Teacher Award | 1-1-2020 |
| 6 | Dr. Satnam Singh Jassal | Award for Distinguished Teacher | 1-1-2020 |
| 7 | Mr. Rohit Mittal | Award for Distinguished Teacher | 1-1-2020 |
| 8 | Ms. Mandeep Kaur | NATIONAL LEVEL TEACHERS APPRECIATION AWARD | 1-1-2020 |
| 9 | Dr. Davinder Kumar Gora | International Best Teacher Award | 26-1-2020 |

Volume - 4 | Issue -1

North India's
**Topmost & Leading**
University




# GKU TIME

www.gurukashiuniversity.in

## CAMPUS FACILITIES

- Modern Class Rooms
- WiFi Enabled
- Excellent Security
- AC & Non-AC Hostels (Boys & Girls)
- Medical Care Centre
- International Collaborations
- International Students from Different Countries
- Gymnasium & Sports Infrastructure
- Transport with 100+ kms
- Auditorium with 400 seats
- ATM & Bank Facility

✆ 99142-83400, 99142-86400 | Toll Free No : 1800-120-2624